# ਦਫ਼ਤਰ ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ ਅਤੇ
# ਸਟੇਟ ਪ੍ਰੋਜੈਕਟ ਡਾਇਰੈਕਟਰ, ਸਰਵ ਸਿੱਖਿਆ ਅਭਿਆਨ ਅਥਾਰਟੀ ਪੰਜਾਬ
## ਐਸ.ਸੀ.ਓ. 104-106, ਸੈਕਟਰ 34 ਏ, ਚੰਡੀਗੜ੍ਹ
## (ਯਾਦ ਪੱਤਰ)

ਵੱਲ

ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰ(ਸੈ.ਸਿ ਅਤੇ ਐ.ਸਿ)
ਸਮੂਹ ਸਕੂਲ ਮੁਖੀ (ਵੈੱਬਸਾਇਟ ਰਾਹੀਂ)
ਪੰਜਾਬ

ਮੀਮੋ ਨੰ.ਏ.ਐਸ.ਪੀ.ਡੀ/ਮੀਡੀਆ/ਐਸ.ਐਸ.ਏ/2010/67596
ਮਿਤੀ ਚੰਡੀਗੜ੍ਹ 01.11.2010

**ਵਿਸ਼ਾ: ਮੈਗਜ਼ੀਨਾਂ ਦੀ ਵੰਡ ਸਬੰਧੀ।**

**ਹਵਾਲਾ:** ਏ.ਐਸ.ਪੀ.ਡੀ/ਮੀਡੀਆ/ਐਸ.ਐਸ.ਏ/2009/2009/49074-49116 ਮਿਤੀ ਚੰਡੀਗੜ੍ਹ 29.06.09,ਏ.ਐਸ.ਪੀ.ਡੀ/ਮੀਡੀਆ/ਐਸ.ਐਸ.ਏ/2009/52979-52998 ਮਿਤੀ ਚੰਡੀਗੜ੍ਹ 16.7.09 ਏ.ਐਸ.ਪੀ.ਡੀ/ਮੀਡੀਆ/ ਐਸ.ਐਸ.ਏ/2009/69268-69287 ਮਿਤੀ ਚੰਡੀਗੜ੍ਹ 23.09.09 ਅਤੇ ਏ.ਐਸ.ਪੀ.ਡੀ/ਮੀਡੀਆ/2009/72770-72789 ਮਿਤੀ ਚੰਡੀਗੜ੍ਹ 20.10.09,ਏ.ਐਸ.ਪੀ.ਡੀ/ਮੀਡੀਆ/2010/23022- 23041 ਮਿਤੀ ਚੰਡੀਗੜ੍ਹ 02.02.2010 ਏ.ਐਸ.ਪੀ.ਡੀ/ ਮੀਡੀਆ/ 2010/ 28640-28659 ਮਿਤੀ ਚੰਡੀਗੜ੍ਹ 11.03.2010, ਏ.ਐਸ.ਪੀ.ਡੀ/ ਮੀਡੀਆ/2020/35661-35680 ਮਿਤੀ ਚੰਡੀਗੜ੍ਹ 5.5.2010, ਏ.ਐਸ.ਪੀ.ਡੀ/ ਮੀਡੀਆ/2020/39942 ਮਿਤੀ ਚੰਡੀਗੜ੍ਹ 1.6.2010 ਏ.ਐਸ.ਪੀ.ਡੀ/ ਮੀਡੀਆ/2020/47286 ਮਿਤੀ ਚੰਡੀਗੜ੍ਹ 21.7.2010 ਅਤੇ ਏ.ਐਸ.ਪੀ.ਡੀ/ ਮੀਡੀਆ/2020/59040 ਮਿਤੀ ਚੰਡੀਗੜ੍ਹ 17.9.2010

1.0 ਉਪਰੋਕਤ ਵਿਸ਼ੇ ਤੇ ਧਿਆਨ ਦੇਣ ਦੀ ਖੇਚਲ ਕੀਤੀ ਜਾਵੇ ਜੀ।

2.0 ਆਪ ਜੀ ਨੂੰ ਪਤਾ ਹੀ ਹੈ ਕਿ ਬੱਚਿਆਂ ਅੰਦਰ ਸਿੱਖਣ ਸਿਖਾਉਣ ਅਤੇ ਗੁਣਾਂਤਮਿਕ ਸਿੱਖਿਆ ਦੇ ਸੁਧਾਰ ਪੱਖੋਂ ਪੰਜਾਬ ਰਾਜ ਦੇ ਹਰੇਕ ਪ੍ਰਾਇਮਰੀ ਸਕੂਲ ਅੰਦਰ ਰੀਡਿੰਗ ਸੈੱਲ ਸਥਾਪਤ ਕੀਤੇ ਗਏ ਹਨ ਅਤੇ ਇਹਨਾਂ ਰੀਡਿੰਗ ਸੈੱਲਾਂ ਅੰਦਰ ਸਾਲ 2008-09 ਤੋਂ ਕਿਤਾਬਾਂ ਅਤੇ ਮੈਗਜ਼ੀਨ ਭੇਜੇ ਜਾ ਰਹੇ ਹਨ। ਪਰ ਅਜੇ ਵੀ ਬਹੁਤ ਸਾਰੇ ਸਕੂਲਾਂ ਤੋਂ ਮੈਗਜ਼ੀਨ ਅਤੇ ਕਿਤਾਬਾਂ ਸਮੇਂ ਸਿਰ ਨਾ ਮਿਲਣ ਦੀਆਂ ਰਿਪੋਰਟਾਂ ਪ੍ਰਾਪਤ ਹੋ ਰਹੀਆਂ ਹਨ।ਕਿਤਾਬਾਂ ਅਤੇ ਮੈਗਜ਼ੀਨਾਂ ਦੀ ਵੰਡ ਸਮੇਂ ਸਿਰ ਸਕੂਲ ਅੰਦਰ ਕੀਤੀ ਜਾਵੇ ਅਤੇ ਬੱਚਿਆਂ ਨੂੰ ਇਹ ਜਾਰੀ ਵੀ ਕੀਤੇ ਜਾਣ।

3.0 ਸਕੂਲਾਂ ਵਿੱਚ ਹੇਠ ਲਿਖੇ ਮੈਗਜ਼ੀਨ ਭੇਜੇ ਜਾ ਰਹੇ ਹਨ:-

| ਲੜੀ ਨੰ. | ਮੈਗਜ਼ੀਨ ਦਾ ਨਾਂ | ਭੇਜਣ ਦਾ ਸਮਾਂ | ਗਿਣਤੀ (ਪ੍ਰਤੀ ਸਕੂਲ) | ਵਿਸ਼ੇਸ਼ ਕਥਨ |
|---|---|---|---|---|
| 1. | ਆਲ੍ਹੇ-ਭੋਲ੍ਹੇ | ਤ੍ਰੈ-ਮਾਸਿਕ | ਪੰਜ ਕਾਪੀਆਂ (ਪ੍ਰਤੀ ਸਕੂਲ) | ਪ੍ਰਾਇਮਰੀ ਅਤੇ ਅੱਪਰ-ਪ੍ਰਾਇਮਰੀ ਸਕੂਲ ਲਈ |
| 2. | ਪ੍ਰਾਇਮਰੀ ਸਿੱਖਿਆ | ਮਹੀਨਾਵਾਰ | ਦੋ ਕਾਪੀਆਂ | ਸਿਰਫ਼ ਪ੍ਰਾਇਮਰੀ ਸਕੂਲ ਲਈ |
| 3. | ਪ੍ਰੀਤਲੜੀ | ਮਹੀਨਾਵਾਰ | ਇਕ ਕਾਪੀ | ਹਰੇਕ ਪ੍ਰਾਇਮਰੀ ਅਤੇ ਅੱਪਰ-ਪ੍ਰਾਇਮਰੀ ਸਕੂਲ ਲਈ |
| 4. | ਚੰਪਕ (ਹਿੰਦੀ) | ਹਰ 15 ਦਿਨਾਂ ਬਾਅਦ | ਇਕ ਕਾਪੀ | ਹਰੇਕ ਬਲਾਕ ਦੇ 5 ਵਧੀਆ ਸਕੂਲਾਂ ਲਈ |

**ਚੱਲਦਾ ਪੰਨਾ ਨੰ. 02**

4.0 ਇਹਨਾਂ ਮੈਗਜ਼ੀਨਾਂ ਦੀ ਜ਼ਿਲ੍ਹਾ ਪੱਧਰ ਤੇ ਪਹੁੰਚ ਰਸੀਦ ਅਤੇ ਸਕੂਲਾਂ ਅੰਦਰ ਇਹਨਾਂ ਨੂੰ ਵੰਡੇ ਜਾਣ ਦਾ ਸਰਟੀਫਿਕੇਟ ਹਰੇਕ ਮਹੀਨੇ ਇਸ ਦਫ਼ਤਰ ਨੂੰ ਜ਼ਰੂਰ ਭੇਜਿਆ ਜਾਵੇ ਜੀ।

5.0 ਬਲਾਕ ਪ੍ਰਾਇਮਰੀ ਸਿੱਖਿਆ ਅਫ਼ਸਰ ਸਕੂਲਾਂ ਅੰਦਰ ਭੇਜੀ ਜਾਣ ਵਾਲੀ ਪੜ੍ਹਨ ਸਮੱਗਰੀ ਨੂੰ ਸਮੇਂ ਸਿਰ ਅੰਦਰ ਪਹੁੰਚਾਉਣਾ ਯਕੀਨੀ ਬਣਾਉਣਗੇ ਅਤੇ ਬਕਾਇਦਾ ਇਸ ਦਾ ਨਿਰੀਖਣ ਵੀ ਕਰਨਗੇ ਕਿ ਇਹ ਕਿਤਾਬਾਂ ਅਤੇ ਮੈਗਜ਼ੀਨ ਬੱਚਿਆਂ ਨੂੰ ਜਾਰੀ ਕੀਤੇ ਜਾ ਰਹੇ ਹਨ।

**ਡਾਇਰੈਕਟਰ ਜਨਰਲ ਸਕੂਲ ਸਿੱਖਿਆ**

ਪਿੱਠਅੰਕਣ ਨੰ.ਉਕਤ 67597 ਮਿਤੀ: 01.11.2010

ਉਤਾਰਾ:-(1) ਸਮੂਹ ਮੰਡਲ ਸਿੱਖਿਆ ਅਫ਼ਸਰ, ਪੰਜਾਬ।
(2) ਸਮੂਹ ਬਲਾਕ ਪ੍ਰਾਇਮਰੀ ਸਿੱਖਿਆ ਅਫ਼ਸਰ, ਪੰਜਾਬ।
(3) ਸਮੂਹ ਜ਼ਿਲ੍ਹਾ ਕੋਆਰਡੀਨੇਟਰ,ਪੜ੍ਹੋ ਪੰਜਾਬ।

**ਡਾਇਰੈਕਟਰ ਜਨਰਲ ਸਕੂਲ ਸਿੱਖਿਆ**